# ਮੁਹਾਵਰਾ ਕੀ ਹੁੰਦਾ ਹੈ?

**ਸ਼ਬਦਾਂ ਦਾ ਉਹ ਸਮੂਹ ਜਿਸ ਦੇ ਜਿਸ ਦੇ ਸ਼ਾਬਦਿਕ ਅਰਥ ਕੁਝ ਹੋਰ ਅਤੇ ਭਾਵ ਅਰਥ ਕੁਝ ਹੋਰ ਹੋਣ, ਉਸ ਨੂੰ ਮੁਹਾਵਰਾ ਆਖਿਆ ਜਾਂਦਾ ਹੈ।**

1. ਲਹੂ-ਪਸੀਨਾ ਇੱਕ ਕਰਨਾ (ਕਰੜੀ ਮਿਹਨਤ ਕਰਨਾ) ਵੱਡਾ ਅਫ਼ਸਰ ਬਣਨ ਲਈ ਉਸ ਨੇ ਲਹੂ-ਪਸੀਨਾ ਇੱਕ ਕਰ ਦਿੱਤਾ।

2. ਲੱਕ ਸਿੱਧਾ ਕਰਨਾ (ਥੋੜ੍ਹੀ ਦੇਰ ਅਰਾਮ ਕਰਨਾ) ਰੁੱਖਾਂ ਦੀ ਛਾਂ ਹੇਠ ਲੱਕ ਸਿੱਧਾ ਕਰਨ ਲਈ ਉਹ ਲੇਟ ਗਿਆ।

3. ਲੱਕ ਬੰਨ੍ਹਣਾ (ਤਿਆਰ ਹੋਣਾ) ਪ੍ਰੀਖਿਆ ਦੀ ਮਿਤੀਆਂ ਦਾ ਐਲਾਨ ਹੁੰਦਿਆਂ ਹੀ ਵਿਦਿਆਰਥੀਆਂ ਨੇ ਪ੍ਰੀਖਿਆ ਲਈ ਲੱਕ ਬੰਨ੍ਹ ਲਿਆ।

4. ਲਗਾਮ ਢਿੱਲੀ ਛੱਡ ਦੇਣਾ (ਖੁੱਲ੍ਹ ਦੇਣਾ) ਜਵਾਨ ਹੁੰਦੇ ਬੱਚਿਆਂ ਦੀ ਲਗਾਮ ਢਿੱਲੀ ਨਹੀਂ ਛੱਡਣੀ ਚਾਹੀਦੀ।

5. ਲੱਤਾਂ ਵਿੱਚ ਸਿੱਕਾ ਭਰ ਜਾਣਾ (ਥੱਕ ਜਾਣਾ) ਪਹਾੜ 'ਤੇ ਚੜ੍ਹਦਿਆਂ ਮੇਰੀਆਂ ਲੱਤਾਂ ਵਿੱਚ ਸਿੱਕਾ ਭਰ ਗਿਆ ਹੈ।ਹੁਣ ਹੋਰ ਤੁਰ ਨਹੀਂ ਸਕਦਾ।

6. ਲਾਹ-ਪਾਹ ਕਰਨਾ (ਬੇਇਜ਼ਤੀ ਕਰਨਾ) ਮੈਂ ਅੱਜ ਉਸ ਨਸ਼ਾ ਵੇਚਣ ਵਾਲੇ ਦੀ ਚੰਗੀ ਲਾਹ-ਪਾਹ ਕਰ ਦਿੱਤੀ।

7. ਲਾਂਘਾ ਲੰਘਣਾ (ਗੁਜ਼ਾਰਾ ਹੋਣਾ) ਘੱਟ ਤਨਖਾਹ ਨਾਲ ਉਸ ਦੇ ਪਰਿਵਾਰ ਦਾ ਲਾਂਘਾ ਲੰਘਣਾ ਬਹੁਤ ਔਖਾ ਹੈ।

8. ਲਾਲ-ਪੀਲਾ ਹੋਣਾ (ਗ਼ੁੱਸੇ ਹੋਣਾ) ਜੇ ਕੋਈ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦਾ ਤਾਂ ਮੇਰੇ ਮਾਤਾ ਜੀ ਲਾਲ-ਪੀਲੇ ਹੋ ਜਾਂਦੇ ਹਨ।

9. ਲੀਕ ਪੈਣਾ (ਰੀਤ ਪੈਣਾ) ਤਾਲਾਬੰਦੀ ਦੌਰਾਨ ਜਿਵੇਂ ਘੱਟ ਬੰਦਿਆਂ ਦੀ ਹਾਜ਼ਰੀ ਵਿੱਚ ਵਿਆਹ ਹੋਏ ਜੇ ਇਹ ਲੀਕ ਪੈ ਜਾਵੇ ਤਾਂ ਬਹੁਤ ਵਧੀਆ ਗੱਲ ਹੈ।

10. ਲੀਰਾਂ ਲਮਕਣਾ (ਮੰਦੇ ਹਾਲ ਹੋਣਾ) ਲਾਕ ਡਾਊਨ ਦੇ ਦੌਰਾਨ ਰੁਜ਼ਗਾਰ ਬੰਦ ਹੋ ਜਾਣ ਕਾਰਨ ਆਮ ਲੋਕਾਂ ਦੀਆਂ ਲੀਰਾਂ ਲਮਕ ਗਈਆਂ।

11. ਲੈਣੇ ਦੇ ਦੇਣੇ ਪੈ ਜਾਣੇ (ਲਾਭ ਦੀ ਥਾਂ ਨੁਕਸਾਨ ਹੋਣਾ) ਬਦਮਾਸ਼ ਬੰਦੇ ਨਾਲ ਸਾਂਝਾ ਕੰਮ ਕਰਨ ਨਾਲ ਕਈ ਵਾਰ ਲੈਣੇ ਦੇ ਦੇਣੇ ਵੀ ਪੈ ਜਾਂਦੇ ਹਨ।

12. ਲੋਈ ਲਾਹੁਣੀ (ਸ਼ਰਮ ਲਾਹੁਣੀ) ਪੱਛਮੀ ਸੱਭਿਆਚਾਰ ਦੀ ਦੇਖਾ-ਦੇਖੀ ਛੋਟੇ ਕੱਪੜੇ ਪਾ ਕੇ ਨੌਜਵਾਨ ਕੁੜੀਆਂ ਨੇ ਲੋਈ ਲਾਹ ਦਿੱਤੀ ।

13. ਲੋਹਾ ਮੰਨਣਾ (ਪ੍ਰਭਾਵ ਮੰਨਣਾ) ਮੁ਼ਗਲ ਬੰਦਾ ਸਿੰਘ ਬਹਾਦਰ ਦਾ ਲੋਹਾ ਮੰਨਦੇ ਸਨ।

14. ਲੋਹਾ-ਲਾਖਾ ਹੋਣਾ (ਬਹੁਤ ਗ਼ੁੱਸੇ ਹੋਣਾ) ਆਪਣੇ 'ਤੇ ਲੱਗਾ ਚੋਰੀ ਦਾ ਝੂਠਾ ਇਲਜ਼ਾਮ ਸੁਣ ਕੇ ਉਹ ਤਾਂ ਲੋਹਾ-ਲਾਖਾ ਹੋ ਗਿਆ।

15. ਲੰਮੀਆਂ ਤਾਣ ਕੇ ਸੌਣਾ (ਬੇਫ਼ਿਕਰ ਹੋਣਾ) ਇਮਤਿਹਾਨ ਦੇ ਦਿਨਾਂ ਵਿੱਚ ਮਿਹਨਤੀ ਵਿੱਦਿਆਰਥੀ ਲੰਮੀਆਂ ਤਾਣ ਕੇ ਨਹੀਂ ਸੌਂਦੇ।

16. ਵਕਤ ਨੂੰ ਧੱਕਾ ਦੇਣਾ (ਸਮਾਂ ਔਖ ਨਾਲ ਕੱਟਣਾ) ਮਹਿੰਗਾਈ ਦੇ ਇਸ ਸਮੇਂ ਵਿੱਚ ਗ਼ਰੀਬ ਆਦਮੀ ਤਾਂ ਵਕਤ ਨੂੰ ਧੱਕਾ ਦਿੰਦਾ ਹੈ।

17. ਵੱਟ ਖਾਣਾ (ਗ਼ੁੱਸਾ ਕਰਨਾ) ਛੋਟੀ ਜਿਹੀ ਗੱਲ ਪਿੱਛੇ ਵੱਟ ਖਾਣਾ ਸਮਝਦਾਰੀ ਦੀ ਨਿਸ਼ਾਨੀ ਨਹੀਂ ਹੈ।

18. ਵੱਢਿਆਂ ਰੂਹ ਨਾ ਕਰਨਾ (ਜ਼ਰਾ ਮਨ ਨਾ ਕਰਨਾ) ਮਤਲਬੀ ਬੰਦੇ ਨਾਲ ਗੱਲ ਕਰਨ ਨੂੰ ਵੱਢਿਆਂ ਰੂਹ ਨਹੀਂ ਕਰਦੀ।

19. ਹਵਾ ਦਾ ਰੁਖ਼ ਵੇਖਣਾ (ਸਥਿਤੀ ਪਛਾਣਨਾ) ਮੁਲਾਜ਼ਮ ਵਰਗ ਨੂੰ ਹਵਾ ਦਾ ਰੁਖ਼ ਵੇਖ ਕੇ ਸੰਘਰਸ਼ ਵਿੱਢਣਾ ਚਾਹੀਦਾ ਹੈ।

20. ਹਵਾ ਵੱਲ ਨਾ ਵੇਖ ਸਕਣਾ (ਨੁਕਸਾਨ ਕਰਨ ਦੀ ਹਿੰਮਤ ਨਾ ਕਰ ਸਕਣਾ) ਮਹਾਰਾਜਾ ਰਣਜੀਤ ਸਿੰਘ ਦੇ ਹੁੰਦਿਆਂ ਕੋਈ ਦੁਸ਼ਮਣ ਪੰਜਾਬ ਦੀ ਹਵਾ ਵੱਲ ਵੀ ਨਾ ਵੇਖ ਸਕਿਆ।

21. ਵਾਛਾਂ ਖਿੜ ਜਾਣਾ (ਖ਼ੁਸ਼ ਹੋ ਜਾਣਾ) ਆਪਣੇ ਬੱਚੇ ਨੂੰ ਵੇਖ ਕੇ ਮਾਂ ਦੀਆਂ ਵਾਛਾਂ ਖਿੜ ਜਾਂਦੀਆਂ ਹਨ।

22. ਵਾਲ਼ ਦੀ ਖੱਲ ਲਾਹੁਣਾ (ਬੇਲੋੜੀਆਂ ਬਰੀਕੀਆਂ ਵਿੱਚ ਪੈ ਜਾਣਾ) ਪੁਲਿਸ ਵਾਲੇ ਵਾਲ਼ ਦੀ ਖੱਲ ਲਾਹ ਕੇ ਹੀ ਕਿਸੇ ਨਤੀਜੇ 'ਤੇ ਪਹੁੰਚਦੇ ਹਨ।

23. ਵਾਲ਼ ਵਿੰਗਾ ਨਾ ਹੋਣਾ (ਜ਼ਰਾ ਵੀ ਨੁਕਸਾਨ ਨਾ ਹੋਣਾ) ਮਾਂ ਆਪਣੀ ਔਲਾਦ ਦਾ ਵਾਲ਼ ਵੀ ਵਿੰਗਾ ਨਹੀਂ ਹੋਣ ਦਿੰਦੀ।

24. ਵਿਸ ਘੋਲਣਾ (ਕੁੜ੍ਹਨਾ) ਨਿਹਾਲ ਕੌਰ ਆਪਣੀ ਨੂੰਹ ਅਤੇ ਪੁੱਤਰ ਦੇ ਪਿਆਰ ਨੂੰ ਵੇਖ ਕੇ ਵਿਸ ਘੋ਼ਲਦੀ ਰਹਿੰਦੀ ਸੀ।